BRITISH COLUMBIA

# ਮਹੱਤਵਪੂਰਨ ਜਾਣਕਾਰੀ
# *"ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ"* ਅਤੇ ਕਰਿਮੀਨਲ ਕੋਡ ਆਫ ਕੈਨੇਡਾ ਦੇ ਸੰਬੰਧਿਤ ਸੈਕਸ਼ਨ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ

ਇਹ ਸ਼ੀਟ *ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ* ਅਧੀਨ ਨਿਭਾਈਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਦਾ ਸੰਖੇਪ ਦੱਸਦੀ ਹੈ। ਇਹ ਦੱਸਦੀ ਹੈ:

- ਤੁਹਾਨੂੰ ਕਦੋਂ ਸੈਕਸ ਓਫੈਂਡਰ ਰਜਿਸਟਰੇਸ਼ਨ ਸੈਂਟਰ (ਰਜਿਸਟਰੇਸ਼ਨ ਸੈਂਟਰ) ਨੂੰ ਜ਼ਰੂਰ ਹੀ ਰਿਪੋਰਟ ਕਰਨ ਦੀ ਲੋੜ ਹੈ,
- ਕਿਹੜੀ ਜਾਣਕਾਰੀ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਦੇਣ ਦੀ ਜ਼ਰੂਰੀ ਲੋੜ ਹੈ ਅਤੇ ਇਹ ਕਿਸ ਤਰ੍ਹਾਂ ਵਰਤੀ ਜਾ ਸਕਦੀ ਹੈ,
- ਇਹ ਕਿਵੇਂ ਪਤਾ ਲਾਉਣਾ ਹੈ ਕਿ ਰਜਿਸਟਰੇਸ਼ਨ ਸੈਂਟਰ ਕਿੱਥੇ ਹਨ,
- ਜੇ ਤੁਸੀਂ ਸਮੇਂ ਸਿਰ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਨਹੀਂ ਕਰਦੇ, ਜਾਂ ਜੇ ਤੁਸੀਂ ਗਲਤ ਜਾਂ ਗੁਮਰਾਹ ਕਰਨ ਵਾਲੀ ਜਾਣਕਾਰੀ ਦਿੰਦੇ ਹੋ ਤਾਂ ਕਿਹੜੇ ਜੁਰਮਾਨੇ ਹੁੰਦੇ ਹਨ, ਅਤੇ
- ਜੇ ਤੁਸੀਂ ਇਹ ਯਕੀਨ ਕਰਦੇ ਹੋ ਕਿ ਤੁਹਾਡੇ ਨਾਂ ਹੇਠ ਦਰਜ ਕੀਤੀ ਗਈ ਜਾਣਕਾਰੀ ਸਹੀ ਨਹੀਂ ਹੈ, ਜਾਂ ਜੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ ਜਾਂ ਆਰਡਰ ਜਾਂ ਨੋਟਿਸ ਖਤਮ ਕਰਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਕੀ ਕਰ ਸਕਦੇ ਹੋ।

**ਨੋਟ:** ਤੁਹਾਡੇ ਬਾਰੇ ਇਕੱਠੀ ਕੀਤੀ ਗਈ ਅਤੇ ਸੈਕਸ ਓਫੈਂਡਰ ਰਜਿਸਟਰੀ ਵਿਚ ਰੱਖੀ ਗਈ ਜਾਣਕਾਰੀ ਪਬਲਿਕ ਨੂੰ ਸੂਚਨਾ ਦੇਣ ਲਈ **ਨਹੀਂ** ਵਰਤੀ ਜਾਵੇਗੀ। ਇਹ ਸਿਰਫ ਪੁਲੀਸ ਦੀ ਮਦਦ ਲਈ ਵਰਤੀ ਜਾਵੇਗੀ ਜਦੋਂ ਉਹ ਸੈਕਸ ਨਾਲ ਸੰਬੰਧਿਤ ਜੁਰਮਾਂ ਦੀ ਪੜਤਾਲ ਕਰ ਰਹੀ ਹੋਵੇਗੀ।

## ਜਦੋਂ ਤੁਸੀਂ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਦੇ ਹੋ
## ਪਹਿਲੀ ਵਾਰੀ ਰਿਪੋਰਟ ਕਰਨਾ:

ਜਦੋਂ ਤੁਹਾਨੂੰ ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ ("ਆਰਡਰ") ਦੀ ਪਾਲਣਾ ਕਰਨ ਦਾ ਆਰਡਰ ਮਿਲਦਾ ਹੈ ਜਾਂ ਜੇ ਤੁਸੀਂ ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ ("ਨੋਟਿਸ") ਦੀ ਪਾਲਣਾ ਕਰਵਾਉਣ ਵਾਲੇ ਨੋਟਿਸ ਤੋਂ ਛੋਟ ਲਈ ਅਰਜ਼ੀ ਦਿੱਤੀ ਹੈ ਅਤੇ ਇਹ ਰੱਦ ਹੋ ਗਈ ਹੈ ਤਾਂ ਤੁਹਾਨੂੰ ਨਿੱਜੀ ਤੌਰ ਤੇ ਉਸ ਰਜਿਸਟਰੇਸ਼ਨ ਸੈਂਟਰ ਵਿਚ ਰਿਪੋਰਟ ਕਰਨੀ ਪਵੇਗੀ ਜਿਹੜਾ ਉਸ ਇਲਾਕੇ ਲਈ ਹੈ ਜਿੱਥੇ ਤੁਸੀਂ ਬਹੁਤਾ ਸਮਾਂ ਰਹਿੰਦੇ ਹੋ (ਇਸ ਨੂੰ ਤੁਹਾਡੀ ਮੁੱਖ ਰਿਹਾਇਸ਼ ਕਿਹਾ ਜਾਂਦਾ ਹੈ)।

ਜੇ ਤੁਸੀਂ ਆਰਡਰ ਮਿਲਣ ਵੇਲੇ **ਹਿਰਾਸਤ (ਕਸਟਡੀ) ਵਿਚ ਨਹੀਂ ਹੋ** ਤਾਂ ਤੁਹਾਨੂੰ **15 ਦਿਨਾਂ** ਦੇ ਵਿਚ ਵਿਚ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨੀ ਪਵੇਗੀ (ਇਸ ਦਾ ਮਤਲਬ ਹੈ ਕਿ ਜੇ ਤੁਹਾਡਾ ਆਰਡਰ ਮਹੀਨੇ ਦੀ ਪਹਿਲੀ ਤਰੀਕ ਨੂੰ ਦਿੱਤਾ ਗਿਆ ਹੈ ਤਾਂ ਤੁਹਾਨੂੰ ਉਸ ਮਹੀਨੇ ਦੀ 15 ਤਰੀਕ ਤੱਕ ਰਿਪੋਰਟ ਜ਼ਰੂਰ ਕਰਨੀ ਪਵੇਗੀ)। ਇਹ ਤੁਹਾਡੇ ਤੇ ਲਾਗੂ ਹੁੰਦਾ ਹੈ ਜੇ ਤੁਸੀਂ ਅੱਗੇ ਲਿਖਿਆਂ ਵਿਚੋਂ ਕਿਸੇ ਵੀ ਕਾਰਨ ਕਰਕੇ ਹਿਰਾਸਤ ਵਿਚ ਨਹੀਂ ਹੋ:

- ਤੁਹਾਨੂੰ ਕਸਟੋਡੀਅਲ (ਹਿਰਾਸਤ ਵਾਲੀ) ਸਜ਼ਾ ਨਹੀਂ ਦਿੱਤੀ ਗਈ ਸੀ।
- ਤੁਹਾਨੂੰ ਅਪੀਲ ਦਾ ਫੈਸਲਾ ਹੋਣ ਤੱਕ ਰਿਹਾਅ ਕੀਤਾ ਗਿਆ ਹੈ।
- ਤੁਸੀਂ ਆਪਣੀ ਸਜ਼ਾ ਦਾ ਇਕ ਹਿੱਸਾ ਬਿਤਾ ਲਿਆ ਹੈ ਜਿਹੜਾ ਤੁਹਾਨੂੰ ਹਿਰਾਸਤ ਵਿਚ ਬਿਤਾਉਣਾ ਪੈਣਾ ਸੀ , ਜਾਂ
- ਤੁਸੀਂ "ਮਾਨਸਿਕ ਵਿਗਾੜ ਕਾਰਨ ਫੌਜਦਾਰੀ ਤੌਰ ਤੇ ਜ਼ਿੰਮੇਵਾਰ ਨਹੀਂ" ਠਹਿਰਾਏ ਗਏ ਅਤੇ ਤੁਹਾਨੂੰ ਸ਼ਰਤਾਂ ਅਧੀਨ ਜਾਂ ਮੁਕੰਮਲ ਰਿਹਾਈ ਦਿੱਤੀ ਗਈ ਹੈ।

**ਜੇ ਤੁਸੀਂ** ਆਰਡਰ ਹੋਣ ਵੇਲੇ **ਹਿਰਾਸਤ ਵਿਚ ਹੋ** ਤਾਂ ਤੁਹਾਨੂੰ ਹਿਰਾਸਤ ਵਿਚੋਂ ਰਿਹਾਈ ਮਿਲਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨੀ ਪਵੇਗੀ।

ਜੇ ਤੁਹਾਡੇ ਤੇ ਇਕ ਨਾਲੋਂ ਜ਼ਿਆਦਾ ਆਰਡਰ ਲਾਗੂ ਹੁੰਦੇ ਹਨ ਤਾਂ ਤੁਹਾਨੂੰ ਆਪਣੇ ਤਾਜ਼ਾ ਆਰਡਰ ਦੀਆਂ ਸ਼ਰਤਾਂ ਮੁਤਾਬਕ ਰਿਪੋਰਟ ਕਰਨੀ ਚਾਹੀਦੀ ਹੈ। ਜੇ ਤੁਹਾਡੇ ਕੋਲ ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ ਦੀ ਪਾਲਣਾ ਕਰਨ ਲਈ ਪਹਿਲਾਂ ਹੀ ਨੋਟਿਸ ਆਫ ਓਬਲੀਗੇਸ਼ਨ ਹੈ, ਅਤੇ ਫਿਰ ਤੁਹਾਨੂੰ ਆਰਡਰ ਮਿਲਦਾ ਹੈ ਤਾਂ ਤੁਹਾਨੂੰ ਸਿਰਫ ਆਰਡਰ ਵਿਚ ਤਹਿ ਕੀਤੀਆਂ ਗਈਆਂ ਸ਼ਰਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਜੇ ਤੁਸੀਂ ਛੋਟ ਲਈ ਅਰਜ਼ੀ ਦਿੱਤੀ ਹੈ ਅਤੇ ਤੁਹਾਡੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ ਤਾਂ ਤੁਹਾਨੂੰ ਨੋਟਿਸ ਦੀਆਂ ਸ਼ਰਤਾਂ ਮੁਤਾਬਕ ਰਿਪੋਰਟ ਕਰਨੀ ਪਵੇਗੀ। ਤੁਹਾਨੂੰ ਇਕ ਸਾਲ ਦੇ ਵਿਚ ਵਿਚ ਅਤੇ ਨੋਟਿਸ ਮਿਲਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ, ਜਾਂ ਛੋਟ ਲਈ ਅਰਜ਼ੀ ਰੱਦ ਹੋਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਰਿਪੋਰਟ ਕਰਨੀ ਪਵੇਗੀ, ਇਨ੍ਹਾਂ ਵਿਚੋਂ ਜੋ ਵੀ ਬਾਅਦ ਵਿਚ ਆਉਂਦਾ ਹੈ।

ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨ ਤੋਂ ਪਹਿਲਾਂ ਕੈਨੇਡਾ ਛੱਡ ਕੇ ਜਾਣ ਦੀ ਆਗਿਆ ਨਹੀਂ ਹੈ।

## ਰਿਪੋਰਟ ਕਰਨ ਦੀਆਂ ਜਾਰੀ ਰਹਿਣ ਵਾਲੀਆਂ ਜ਼ਿੰਮੇਵਾਰੀਆਂ:

ਰਜਿਸਟਰੇਸ਼ਨ ਸੈਂਟਰ ਨੂੰ ਪਹਿਲੀ ਵਾਰ ਰਿਪੋਰਟ ਕਰਨ ਤੋਂ ਬਾਅਦ ਤੁਹਾਨੂੰ ਨਿਸ਼ਚਤ ਸਮਿਆਂ ਤੇ ਰਿਪੋਰਟ ਕਰਨਾ ਜਾਰੀ ਰੱਖਣਾ ਪਵੇਗਾ।

- ਤੁਹਾਨੂੰ ਆਪਣੇ ਆਰਡਰ ਜਾਂ ਆਪਣੇ ਨੋਟਿਸ ਵਿਚ ਦੱਸੇ ਗਏ ਸਾਲਾਂ ਲਈ ਸਾਲ ਵਿਚ ਇਕ ਵਾਰੀ ਰਿਪੋਰਟ ਜ਼ਰੂਰ ਕਰਨੀ ਪਵੇਗੀ (ਇਸ ਦਾ ਮਤਲਬ ਹੈ ਕਿ ਪਿਛਲੀ ਵਾਰੀ ਰਿਪੋਰਟ ਕਰਨ ਤੋਂ ਬਾਅਦ ਤੁਹਾਨੂੰ ਹਰ ਸਾਲ 11ਵੇਂ ਜਾਂ 12ਵੇਂ ਮਹੀਨੇ ਵਿਚ ਰਿਪੋਰਟ ਜ਼ਰੂਰ ਕਰਨੀ ਪਵੇਗੀ)
- ਆਪਣੀ ਮੁੱਖ ਰਿਹਾਇਸ਼ (ਉਹ ਥਾਂ ਜਿੱਥੇ ਤੁਸੀਂ ਬਹੁਤਾ ਸਮਾਂ ਰਹਿੰਦੇ ਹੋ) ਜਾਂ ਕੋਈ ਵੀ ਦੂਜੀ ਰਿਹਾਇਸ਼ (ਆਪਣੀ ਮੁੱਖ ਰਿਹਾਇਸ਼ ਤੋਂ ਬਿਨਾਂ ਕੋਈ ਹੋਰ ਥਾਂ ਜਿੱਥੇ ਤੁਸੀਂ ਨੇਮ ਨਾਲ ਰਹਿੰਦੇ ਹੋ) ਬਦਲਣ ਤੋਂ ਬਾਅਦ ਤੁਹਾਨੂੰ **15 ਦਿਨਾਂ ਦੇ ਵਿਚ ਵਿਚ** ਨਿੱਜੀ ਰੂਪ ਵਿਚ ਜ਼ਰੂਰ ਰਿਪੋਰਟ ਕਰਨੀ ਪਵੇਗੀ। ਤੁਹਾਨੂੰ ਉਸ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨੀ ਚਾਹੀਦੀ ਹੈ, ਜਿਹੜਾ ਉਸ ਇਲਾਕੇ ਲਈ ਹੈ ਜਿੱਥੇ ਤੁਸੀਂ ਮੂਵ ਹੋਏ ਹੋ।
- ਜੇ ਤੁਸੀਂ ਆਪਣਾ ਨਾਂ ਜਾਂ ਗੋਤ ਬਦਲਦੇ ਹੋ ਤਾਂ ਤੁਹਾਨੂੰ ਇਸ ਤਬਦੀਲੀ ਬਾਰੇ **15 ਦਿਨਾਂ ਦੇ ਵਿਚ ਵਿਚ** ਰਜਿਸਟਰੇਸ਼ਨ ਸੈਂਟਰ ਨੂੰ ਨਿੱਜੀ ਰੂਪ ਵਿਚ ਰਿਪੋਰਟ ਜ਼ਰੂਰ ਕਰਨੀ ਪਵੇਗੀ।
- ਜੇ ਆਪਣੀ ਰਿਹਾਇਸ਼ ਜਾਂ ਆਪਣਾ ਕੋਈ ਨਾਂ ਬਦਲਣ ਵੇਲੇ, ਜਾਂ ਤੁਹਾਨੂੰ ਜਦੋਂ ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨ ਦੀ ਲੋੜ ਹੈ, ਉਸ ਵੇਲੇ ਤੁਸੀਂ ਕੈਨੇਡਾ ਤੋਂ ਬਾਹਰ ਹੋ ਤਾਂ ਤੁਹਾਨੂੰ ਕੈਨੇਡਾ ਨੂੰ ਵਾਪਸ ਆਉਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਜ਼ਰੂਰ ਕਰਨੀ ਪਵੇਗੀ।
- ਜੇ ਤੁਸੀਂ ਲਗਾਤਾਰ 15 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਆਪਣੀ ਮੁੱਖ ਜਾਂ ਦੂਜੀ ਰਿਹਾਇਸ਼ ਤੋਂ ਦੂਰ ਹੋਣਾ ਹੈ ਤਾਂ ਤੁਹਾਨੂੰ **ਰਜਿਸਟਰਿਡ ਡਾਕ** ਰਾਹੀਂ ਰਜਿਸਟਰੇਸ਼ਨ ਸੈਂਟਰ ਨੂੰ **ਜਾਂ ਇਸ ਸਫੇ ਦੇ ਹੇਠਾਂ ਦਰਜ ਨੰਬਰਾਂ ਤੇ ਬ੍ਰਿਟਿਸ਼ ਕੋਲੰਬੀਆ ਸੈਕਸ ਓਫੈਂਡਰ ਰਜਿਸਟਰੇਸ਼ਨ ਸੈਂਟਰ** ਨੂੰ ਜ਼ਰੂਰ ਦੱਸਣਾ ਪਵੇਗਾ। ਤੁਸੀਂ ਸੂਚਨਾ ਦੇਣ ਵਾਲਾ ਫਾਰਮ ਰਜਿਸਟਰੇਸ਼ਨ ਸੈਂਟਰ ਤੋਂ ਲੈ ਸਕਦੇ ਹੋ। ਤੁਹਾਨੂੰ ਇਹ ਜਾਣਕਾਰੀ ਜ਼ਰੂਰ ਦੇਣੀ ਪਵੇਗੀ:
  - ਜੇ ਤੁਸੀਂ **ਕੈਨੇਡਾ ਵਿਚ** ਸਫਰ ਕਰਨਾ ਹੈ ਤਾਂ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਉਹ ਹਰ ਐਡਰੈਸ ਜਾਂ ਥਾਂ ਦੱਸਣੇ ਪੈਣਗੇ ਜਿੱਥੇ ਤੁਸੀਂ ਰਹੋਗੇ, ਅਤੇ ਇਸ ਦੇ ਨਾਲ ਹੀ, ਉਹ ਤਰੀਕ ਜਾਂ ਅੰਦਾਜ਼ਨ ਤਰੀਕ ਦੱਸਣੀ ਪਵੇਗੀ ਜਦੋਂ ਤੁਸੀਂ ਉੱਥੋਂ ਜਾਵੋਗੇ ਅਤੇ ਘਰ ਵਾਪਸ ਆਵੋਗੇ। (ਘਰ ਛੱਡਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ)।
  - ਜੇ ਤੁਸੀਂ **ਕੈਨੇਡਾ ਤੋਂ ਬਾਹਰ** ਸਫਰ ਕਰਨਾ ਹੈ ਤਾਂ ਤੁਹਾਨੂੰ ਆਪਣਾ ਘਰ ਛੱਡਣ ਦੀ ਤਰੀਕ ਜਾਂ ਅੰਦਾਜ਼ਨ ਤਰੀਕ ਦੱਸਣੀ ਪਵੇਗੀ (ਘਰ ਛੱਡਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ)।
  - ਭਾਵੇਂ ਤੁਸੀਂ ਕੈਨੇਡਾ ਦੇ ਅੰਦਰ ਸਫਰ ਕਰ ਰਹੇ ਹੋ ਜਾਂ ਬਾਹਰ ਜਾ ਰਹੇ ਹੋ, ਤੁਹਾਨੂੰ ਆਪਣੀ ਵਾਪਸੀ ਦੀ ਅਸਲੀ ਤਰੀਕ ਬਾਰੇ ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਦੱਸਣਾ ਪਵੇਗਾ। (ਘਰ ਆਉਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ)।
- ਜੇ ਤੁਸੀਂ ਕਿਸੇ ਵੀ ਕਾਰਨ ਕਰਕੇ 15 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਹਿਰਾਸਤ ਵਿਚ ਹੋ ਤਾਂ ਤੁਸੀਂ ਬ੍ਰਿਟਿਸ਼ ਕੋਲੰਬੀਆ ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਸੈਂਟਰ ਨੂੰ ਰਜਿਸਟਰੀ ਡਾਕ ਰਾਹੀਂ ਜਾਂ ਟੈਲੀਫੋਨ ਰਾਹੀਂ ਰਿਪੋਰਟ ਕਰ ਸਕਦੇ ਹੋ। ਇਹ ਜਾਣਕਾਰੀ ਲੈਣ ਲਈ ਸਟਾਫ ਤੋਂ ਪੁੱਛੋ ਕਿ ਰਜਿਸਟਰੇਸ਼ਨ ਸੈਂਟਰ ਨਾਲ ਸੰਪਰਕ ਕਿਵੇਂ ਕਰਨਾ ਹੈ।

## ਰਜਿਸਟਰੇਸ਼ਨ ਸੈਂਟਰ ਨੂੰ ਕਿਹੜੀ ਜਾਣਕਾਰੀ ਤੁਸੀਂ ਜ਼ਰੂਰੀ ਦੇਣੀ ਹੈ

ਜਦੋਂ ਤੁਸੀਂ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਦੇ ਹੋ ਤਾਂ ਤੁਹਾਨੂੰ ਪੁਲੀਸ ਨੂੰ ਕੋਈ ਸਹੀ ਪਛਾਣ ਦਿਖਾਉਣੀ ਪਵੇਗੀ ਜਿਨ੍ਹਾਂ ਵਿਚੋਂ ਘੱਟੋ ਘੱਟ ਇਕ ਤੇ ਤੁਹਾਡੀ ਫੋਟੋ ਹੋਣੀ ਜ਼ਰੂਰੀ ਹੈ। ਫੋਟੋ ਵਾਲੇ ਮੰਨਣਯੋਗ ਪਛਾਣ ਪੱਤਰਾਂ ਦੀਆਂ ਉਦਾਹਰਣਾਂ ਇਹ ਹਨ: ਸਹੀ ਸੂਬਾਈ ਡਰਾਈਵਰ ਲਾਇਸੰਸ, ਤੁਹਾਡਾ ਬੀ.ਸੀ. ਇਡੈਂਟੀਫੀਕੇਸ਼ਨ ਕਾਰਡ ਜਾਂ ਸਹੀ ਪਾਸਪੋਰਟ।

ਤੁਹਾਨੂੰ ਰਜਿਸਟਰੇਸ਼ਨ ਸੈਂਟਰ ਦੇ ਸਟਾਫ ਨੂੰ ਅੱਗੇ ਲਿਖੀ ਨਿੱਜੀ ਜਾਣਕਾਰੀ ਜ਼ਰੂਰ ਦੇਣੀ ਪਵੇਗੀ:

- ਤੁਹਾਡੇ ਨਾਂ, ਗੋਤ ਅਤੇ ਹੋਰ ਸਾਰੇ ਛੋਟੇ ਨਾਂ
- ਤੁਹਾਡੀ ਜਨਮ ਤਰੀਕ ਅਤੇ ਲਿੰਗ
- ਤੁਹਾਡਾ ਕੱਦ ਅਤੇ ਭਾਰ ਅਤੇ ਸਾਰੇ ਪਛਾਣਯੋਗ ਸਰੀਰਕ ਨਿਸ਼ਾਨਾਂ ਦਾ ਵੇਰਵਾ (ਉਦਾਹਰਣ ਲਈ, ਦਾਗ, ਚੀਰੇ ਜਾਂ ਖੁਣਾਈਆਂ)
- ਉਸ ਥਾਂ ਦਾ ਐਡਰੈਸ ਅਤੇ ਟੈਲੀਫੋਨ ਨੰਬਰ ਜਿੱਥੇ ਤੁਸੀਂ ਬਹੁਤਾ ਸਮਾਂ ਰਹਿੰਦੇ ਹੋ (ਤੁਹਾਡੀ ਮੁੱਖ ਰਿਹਾਇਸ਼), ਅਤੇ ਇਸ ਦੇ ਨਾਲ ਹੀ ਕਿਸੇ ਹੋਰ ਅਜਿਹੀ ਥਾਂ ਦਾ ਐਡਰੈਸ ਅਤੇ ਟੈਲੀਫੋਨ ਜਿੱਥੇ ਤੁਸੀਂ ਰਹਿੰਦੇ ਹੋ (ਦੂਜੀ ਰਿਹਾਇਸ਼)
- ਉਨ੍ਹਾਂ ਸਾਰੀਆਂ ਥਾਂਵਾਂ ਦੇ ਐਡਰੈਸ ਅਤੇ ਫੋਨ ਨੰਬਰ ਜਿੱਥੇ ਤੁਸੀਂ ਕੰਮ ਕਰਦੇ ਹੋ ਜਾਂ ਵਾਲੰਟੀਅਰ ਕੰਮ ਕਰਦੇ ਹੋ
- ਹਰ ਉਸ ਵਿਦਿਅਕ ਸੰਸਥਾ ਦਾ ਐਡਰੈਸ ਜਿੱਥੇ ਤੁਸੀਂ ਪੜ੍ਹਦੇ ਹੋ (ਦਾਖਲ ਹੋਏ ਹੋ)
- ਆਪਣਾ ਹਰ ਸੈੱਲ ਜਾਂ ਪੇਜਰ ਨੰਬਰ, ਅਤੇ
- ਤੁਹਾਨੂੰ ਉਸ ਜੁਰਮ ਲਈ ਕਦੋਂ ਅਤੇ ਕਿੱਥੇ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਦੀ ਰਜਿਸਟਰੀ ਨੂੰ ਰਿਪੋਰਟ ਕਰਨ ਦੀ ਹੁਣ ਤੁਹਾਡੀ ਜ਼ਿੰਮੇਵਾਰੀ ਹੈ

ਰਜਿਸਟਰੇਸ਼ਨ ਸੈਂਟਰ ਦਾ ਕੋਲੈਕਟਰ (ਜਾਣਕਾਰੀ ਲੈਣ ਵਾਲਾ ਕਰਮਚਾਰੀ) ਤੁਹਾਡੀ ਫੋਟੋ ਲਵੇਗਾ। ਜੇ ਰਜਿਸਟਰੇਸ਼ਨ ਸੈਂਟਰ ਵਿਚਲੇ ਕੋਲੈਕਟਰ ਨੂੰ ਤੁਹਾਡੀ ਪਛਾਣ ਲਈ ਹੋਰ ਸਬੂਤ ਚਾਹੀਦੇ ਹੋਣ ਤਾਂ ਤੁਹਾਡੀਆਂ ਉਂਗਲੀਆਂ ਦੇ ਨਿਸ਼ਾਨ ਵੀ ਲਏ ਜਾ ਸਕਦੇ ਹਨ।

ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਤਾਂ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨ ਵੇਲੇ ਅਤੇ ਸਟਾਫ ਵਲੋਂ ਪੁੱਛੀ ਜਾਂਦੀ ਜਾਣਕਾਰੀ ਦੇਣ ਵੇਲੇ ਆਪਣੇ ਨਾਲ ਕਿਸੇ ਬਾਲਗ ਨੂੰ ਰੱਖਣ ਦਾ ਹੱਕ ਹੈ।

ਆਪਣੀ ਸਜ਼ਾ ਦੇ ਹਿੱਸੇ ਵਜੋਂ ਜੇ ਤੁਹਾਡੀ ਹੋਰ ਜ਼ਿੰਮੇਵਾਰੀਆਂ ਹਨ ਜਾਂ ਤੁਹਾਡੇ ਤੇ ਸ਼ਰਤਾਂ ਲਾਗੂ ਹਨ, ਜਿਵੇਂ ਕਿ ਆਪਣੇ ਪ੍ਰੋਬੇਸ਼ਨ ਅਫਸਰ ਨੂੰ ਰਿਪੋਰਟ ਕਰਨਾ ਤਾਂ ਤੁਹਾਨੂੰ ਇਹ ਚੀਜ਼ਾਂ ਵੀ ਜ਼ਰੂਰ ਕਰਨੀਆਂ ਪੈਣਗੀਆਂ।

## ਰਜਿਸਟਰੇਸ਼ਨ ਸੈਂਟਰ ਕਿਵੇਂ ਲੱਭਣਾ ਹੈ:

ਬਹੁਤੇ ਰਜਿਸਟਰੇਸ਼ਨ ਸੈਂਟਰ ਆਰ ਸੀ ਐੱਮ ਪੀ ਦੇ ਸਟੇਸ਼ਨਾਂ ਅਤੇ ਬੀ ਸੀ ਵਿਚਲੇ ਪੁਲੀਸ ਵਿਭਾਗਾਂ ਵਿਚ ਹਨ। ਤੁਸੀਂ ਫੋਨ ਬੁੱਕ ਤੋਂ ਆਪਣੀ ਲੋਕਲ ਆਰ ਸੀ ਐੱਮ ਪੀ ਜਾਂ ਪੁਲੀਸ ਸਟੇਸ਼ਨ ਦਾ ਨੰਬਰ ਲੱਭ ਸਕਦੇ ਹੋ। ਜਿਸ ਪੁਲੀਸ ਵਿਭਾਗ ਨੂੰ ਤੁਸੀਂ ਫੋਨ ਕੀਤਾ ਹੈ, ਜੇ ਉਹ ਵਿਭਾਗ ਉਹ ਵਿਭਾਗ ਨਹੀਂ ਹੈ ਜਿਸ ਨੂੰ ਤੁਹਾਨੂੰ ਰਜਿਸਟਰੇਸ਼ਨ ਦੇ ਮੰਤਵਾਂ ਲਈ ਰਿਪੋਰਟ ਕਰਨ ਦੀ ਲੋੜ ਹੈ ਤਾਂ ਉਹ ਤੁਹਾਨੂੰ ਉਸ ਰਜਿਸਟਰੇਸ਼ਨ ਸੈਂਟਰ ਬਾਰੇ ਦੱਸਣ ਦੇ ਯੋਗ ਹੋਣਗੇ ਜਿੱਥੇ ਤੁਹਾਨੂੰ ਰਿਪੋਰਟ ਕਰਨ ਦੀ ਲੋੜ ਹੈ। ਤੁਸੀਂ ਇਸ ਸਫੇ ਦੇ ਹੇਠਲੇ ਪਾਸੇ ਦਰਜ ਨੰਬਰਾਂ ਤੇ ਬ੍ਰਿਟਿਸ਼ ਕੋਲੰਬੀਆ ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਸੈਂਟਰ ਨੂੰ ਵੀ ਫੋਨ ਕਰ ਸਕਦੇ ਹੋ।

## ਜੁਰਮਾਨੇ

ਜੇ ਤੁਸੀਂ ਆਪਣੇ ਆਰਡਰ ਜਾਂ ਆਪਣੇ ਨੋਟਿਸ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਜਾਂ ਤੁਸੀਂ ਜਾਣਬੁੱਝ ਕੇ ਰਜਿਸਟਰੇਸ਼ਨ ਸੈਂਟਰ ਨੂੰ ਗਲਤ ਜਾਂ ਗੁਮਰਾਹ ਕਰਨ ਵਾਲੀ ਜਾਣਕਾਰੀ ਦਿੰਦੇ ਹੋ ਤਾਂ ਤੁਹਾਨੂੰ ਕਰਿਮੀਨਲ ਕੋਡ ਅਧੀਨ ਜੁਰਮ ਦਾ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਤੁਹਾਨੂੰ 10,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ, 2 ਸਾਲਾਂ ਤੱਕ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ ਜਾਂ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਜੇਲ੍ਹ ਭੇਜਿਆ ਜਾ ਸਕਦਾ ਹੈ।

## ਆਰਡਰ ਜਾਂ ਨੋਟਿਸ ਲਾਗੂ ਹੋਣ ਦੌਰਾਨ ਤੁਹਾਡੇ ਹੱਕ:

*ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ* ਅਧੀਨ ਤੁਹਾਡੇ ਕੁਝ ਇਖਤਿਆਰ ਅਤੇ ਹੱਕ ਵੀ ਹਨ। ਉਹ ਇਸ ਤਰ੍ਹਾਂ ਹਨ:

- ਜਿਹੜੀ ਜਾਣਕਾਰੀ ਤੁਸੀਂ ਰਜਿਸਟਰੇਸ਼ਨ ਸੈਂਟਰ ਨੂੰ ਦਿੰਦੇ ਹੋ, ਉਹ ਸਿਰਫ ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ ਵਿਚ ਦਰਜ ਸੇਧਾਂ ਮੁਤਾਬਕ ਹੀ ਦੇਖੀ, ਵਰਤੀ ਜਾਂ ਦਿੱਤੀ ਜਾ ਸਕਦੀ ਹੈ। ਆਮ ਲੋਕਾਂ ਦੀ ਰਜਿਸਟਰੀ ਤੱਕ ਪਹੁੰਚ ਨਹੀਂ ਹੈ।
- ਜੇ ਤੁਸੀਂ ਉਸ ਜਾਣਕਾਰੀ ਦੀ ਕਾਪੀ ਮੰਗਦੇ ਹੋ ਜਿਹੜੀ ਰਜਿਸਟਰੇਸ਼ਨ ਸੈਂਟਰ ਵਿਚ ਤੁਹਾਡੇ ਬਾਰੇ ਦਰਜ ਹੈ ਤਾਂ ਸਟਾਫ ਇਹ ਕਾਪੀ ਤੁਹਾਨੂੰ ਦੇਵੇਗਾ।
- ਤੁਸੀਂ ਸਟਾਫ ਨੂੰ ਤੁਹਾਡੀ ਫਾਇਲ ਵਿਚ ਦਰਜ ਕੋਈ ਵੀ ਉਹ ਜਾਣਕਾਰੀ ਠੀਕ ਕਰਨ ਲਈ ਕਹਿ ਸਕਦੇ ਹੋ ਜਿਹੜੀ ਤੁਸੀਂ ਯਕੀਨ ਕਰਦੇ ਹੋ ਕਿ ਗਲਤ ਹੈ। ਸਟਾਫ ਕੋਈ ਵੀ ਉਹ ਜਾਣਕਾਰੀ ਠੀਕ ਕਰ ਦੇਵੇਗਾ ਜਿਸ ਬਾਰੇ ਉਹ ਇਹ ਫੈਸਲਾ ਕਰਦੇ ਹਨ ਕਿ ਇਹ ਗਲਤ ਹੈ। ਜੇ ਸਟਾਫ ਤੁਹਾਡੀ ਫਾਇਲ ਵਿਚਲੀ ਕੋਈ ਜਾਣਕਾਰੀ ਨਹੀਂ ਬਦਲਦਾ ਤਾਂ ਉਹ ਤੁਹਾਡੀ ਮੰਗ ਨੂੰ ਤੁਹਾਡੀ ਫਾਇਲ ਵਿਚ ਦਰਜ ਕਰ ਦੇਣਗੇ।
- ਤੁਸੀਂ ਆਰਡਰ ਵਿਰੁੱਧ ਅਪੀਲ ਕਰ ਸਕਦੇ ਹੋ ਅਤੇ ਜੇ ਛੋਟ ਲਈ ਤੁਹਾਡੀ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਇਸ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।
- ਤੁਸੀਂ ਕਿਸੇ ਆਰਡਰ ਜਾਂ ਨੋਟਿਸ ਨੂੰ ਖਤਮ ਕਰਨ ਲਈ ਅਪਲਾਈ ਕਰ ਸਕਦੇ ਹੋ ਅਤੇ ਆਰਡਰ ਜਾਂ ਨੋਟਿਸ ਨੂੰ ਖਤਮ ਨਾ ਕਰਨ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।